# चिट्टी चांदनी दे पैन लिश्कारे

ਧੁਨ- ਉੱਚਾ ਦਰ ਬਾਬੇ ਨਾਨਕ ਦਾ

ਚਿੱਟੀ ਚਾਂਦਨੀ ਦੇ, ਪੈਣ ਲਿਸ਼ਕਾਰੇ,
ਸੋਹਣਾ ਦਰ ਸ਼ੇਰਾਂਵਾਲੀ ਦਾ x||
ਫਿੱਕੇ ਲੱਗਦੇ ਨੇ, ਅਰਸ਼ਾਂ ਦੇ ਤਾਰੇ,
ਸੋਹਣਾ ਦਰ ਸ਼ੇਰਾਂਵਾਲੀ ਦਾ x||
ਚਿੱਟੀ ਚਾਂਦਨੀ ਦੇ,,,,,,,,,,,,,,,,,

ਦਰ ਦਾਤੀ ਦਾ, ਸਭ ਤੋਂ ਸੋਹਣਾ x||
ਸਵਰਗ ਵੀ ਇਸ ਦੇ, ਵਰਗਾ ਨਾ ਹੋਣਾ x||
*ਏਹ ਭਗਤਾਂ ਦੇ, ਮਨ ਨੂੰ ਭਾਵੇ,
ਸੋਹਣਾ ਦਰ ਸ਼ੇਰਾਂਵਾਲੀ ਦਾ,,,
ਚਿੱਟੀ ਚਾਂਦਨੀ ਦੇ,,,,,,,,,,,,,,,,,

ਸੁੰਦਰ ਗੁਫ਼ਾ 'ਚ, ਬੈਠੀ ਮਹਾਂਰਾਣੀ x||
ਜਗ ਜੰਨਨੀ ਮਾਂ, ਆਦਿ ਭਵਾਨੀ x||
*ਏਹ ਮਾਂ, ਵੰਡਦੀ ਸਭ ਨੂੰ ਭੰਡਾਰੇ,
ਸੋਹਣਾ ਦਰ ਸ਼ੇਰਾਂਵਾਲੀ ਦਾ,,,
ਚਿੱਟੀ ਚਾਂਦਨੀ ਦੇ,,,,,,,,,,,,,,,,,

ਭਗਤ ਚੜ੍ਹਾਈਆਂ, ਚੜ੍ਹ ਕੇ ਆਉਂਦੇ x||
ਨੱਚਦੇ ਟੱਪਦੇ, ਭੰਗੜੇ ਪਾਉਂਦੇ x||
*ਓਹ ਬੋਲਣ, ਉੱਚੀ ਮਾਂ ਦੇ ਜੈਕਾਰੇ,
ਸੋਹਣਾ ਦਰ ਸ਼ੇਰਾਂਵਾਲੀ ਦਾ,,,
ਚਿੱਟੀ ਚਾਂਦਨੀ ਦੇ,,,,,,,,,,,,,,,,,

ਦਇਆਵਾਨ ਮਾਂ, ਜੋਤਾਂ ਵਾਲੀ x||
ਭਰ ਦੇਂਦੀ ਏ, ਝੋਲੀ ਖ਼ਾਲੀ x||
ਜੋ ਦਰ, ਦਾਤੀ ਦੀਆਂ ਕੰਜ਼ਕਾਂ ਬਿਠਾਉਂਦੇ,
ਸੋਹਣਾ ਦਰ ਸ਼ੇਰਾਂਵਾਲੀ ਦਾ,,,
ਚਿੱਟੀ ਚਾਂਦਨੀ ਦੇ,,,,,,,,,,,,,,,,,

ਲਿਖ਼ਾਰੀ & ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/26117/title/chitti-chandani-de-pain-lishkare

अपने Android मोबाइल पर BhajanGanga App डाउनलोड करें और भजनों का आनंद ले |